ਰੂਸੀ ਲੇਖਕ

ਡਾਸਟਾਇ ਵਿਸਕੀ

ਦੇ

Crime & Punishment

ਦਾ

ਪੰਜਾਬੀ ਅਨੁਵਾਦ

G-171

# ਖ਼ੂਨੀ ਮਹਾਤਮਾ

ਵਿਧਾਤਾ ਸਿੰਘ 'ਤੀਰ'

ਭਾਪੇ ਦੀ ਹੱਟੀ (ਰਜਿਸਟਰਡ)

ਬਾਜ਼ਾਰ ਮਾਈ ਸੇਵਾਂ

ਅੰਮ੍ਰਿਤਸਰ.

# ਇਸੇ ਕਲਮ ਦੀਆਂ ਹੋਰ ਪੁਸਤਕਾਂ

ਕਵਿਤਾ–

'ਅਣਿਆਲੇ ਤੀਰ', 'ਨਵੇਂ ਨਿਸ਼ਾਨੇ', 'ਗੁੰਗੇ ਗੀਤ',
'ਨਲ ਦਮਯੰਤੀ', 'ਦਮਮੇਸ ਦਰਸ਼ਨ', 'ਮਿਠੇ ਮੇਵੇ'।

ਵਾਰਤਕ–

'ਤਿੰਨ ਸਿਪਾਹੀ', 'ਅਨੋਖੀ ਭੁਖ', 'ਚੰਨ ਚਾਨਣੀ'।

30025

ਪਹਿਲੀ ਵਾਰ ੧੯੪੪
ਮੁਲ ੫)

ਇਸ ਕਿਤਾਬ ਦਾ ਇਹ ਕਾਗਜ਼ ਲਾਲਾ ਬੰਸੀ ਧਰ ਕਪੂਰ ਤੋਂ ਕੰਟਰੋਲ ਰੇਟ ਤੇ ਲਿਆ।

ਪ੍ਰਿੰਟਰ–ਸ: ਸੰਤੋਖ ਸਿੰਘ 'ਗਿਆਨੀ ਪ੍ਰੈਸ' ਅੰਮ੍ਰਿਤਸਰ।
ਪ੍ਰਕਾਸ਼ਕ–ਹਰਭਜਨ ਸਿੰਘ ਗਿਆਨੀ, ਮਾਲਿਕ 'ਛਾਪੇ ਦੀ ਹੱਟੀ'

# ਖੰਡ ਪਹਿਲਾ

## ੧.

ਜੇਠ ਦੀਆਂ ਹੁਸੜ-ਭਰੀਆਂ ਤਿਰਕਾਲਾਂ ਵੇਲੇ ਇਕ ਨੌਜਵਾਨ ਪੰਜ-ਛਤੇ ਮਕਾਨ ਦੇ ਆਪਣੇ ਨਿਕੇ ਜਿਹੇ ਨਿਵਾਸ-ਕਮਰੇ 'ਚੋਂ ਨਿਕਲਿਆ ਅਤੇ ਬਿਨਾ ਕੁਝ ਸੋਚੇ ਦਰਿਆ ਦੇ ਪੁਲ ਵਲ ਟੁਰ ਪਿਆ। ਉਹ ਇਸ ਲਈ ਖੁਸ਼ ਸੀ ਕਿ ਅਜ ਪਉੜੀਆਂ ਲਥਦਿਆਂ ਮਕਾਨ ਦੀ ਮਾਲਕਣ ਨਾਲ ਉਸ ਦਾ ਮੇਲ ਨਹੀਂ ਹੋਇਆ। ਜੇਹੜੀ ਹੇਠਲੇ ਹਿਸੇ ਵਿਚ ਰਹਿੰਦੀ ਸੀ ਅਤੇ ਜਿਸ ਦੀ ਰਸੋਈ ਦਾ ਬੂਹਾ ਸਦਾ ਖੁਲ੍ਹਾ ਰਹਿੰਦਾ ਸੀ। ਨੌਜਵਾਨ ਜਦੋਂ ਵੀ ਬਾਹਰ ਜਾਣ ਲਗਦਾ ਉਸ ਨੂੰ ਆਪਣੇ ਵੈਰੀ ਨਾਲ ਜ਼ਰੂਰ ਮਿਲਣਾ ਪੈਂਦਾ, ਇਸ ਗੱਲੋਂ ਉਹ ਬੜਾ ਈ ਛਿਥਾ ਪੈਂਦਾ ਸੀ। ਉਸ ਦੀਆਂ ਭਵਾਂ ਵਿਚ ਵਟ ਪੈ ਜਾਂਦੇ, ਉਸ ਮਾਲਕਣ ਦੇ ਕੁਝ ਰੁਪਏ ਦੇਣੇ ਸੀ,ਇਸੇ ਲਈ ਉਹ ਉਸ ਦੇ ਮੂੰਹ ਲਗਣੋਂ ਝਕਦਾ ਸੀ।

ਨੌਜਵਾਨ ਨੂੰ ਭਾਵੇਂ ਕੋਈ ਘਾਟਾ ਨਹੀਂ ਸੀ ਪਿਆ, ਪਰ ਕੁਝ ਦਿਨਾਂ ਤੋਂ ਉਸ ਦਾ ਦਿਮਾਗ ਝਲਿਆਂ ਵਾਂਗ ਹੋਇਆ ਹੋਇਆ ਸੀ। ਉਸ ਭਾਈ-ਚਾਰੇ ਵਿਚ ਬੈਠਣਾ ਛਡ ਦਿਤਾ ਸੀ ਅਤੇ ਹੁਣ ਨਿਰਾ ਮਕਾਨ ਦੀ ਮਾਲਕਣ ਨਾਲ ਈ ਨਹੀਂ,ਸਗੋਂ ਹਰ ਬੰਦੇ ਤੋਂ ਨਕ ਵਟਣ ਡਹਿ ਪਿਆ ਸੀ। ਕੰਗਾਲੀ, ਤੋਂ,ਪਿਛੇ ਕਦੇ ਕਦੇ ਉਹ ਚਿੰਤਾਵਾਨ ਰਹਿੰਦਾ ਸੀ, ਪਰ ਹੁਣ ਉਹ ਇਸ ਵਲੋਂ ਵੀ ਬੇਪਰਵਾਹ ਸੀ। ਉਸ ਨੇ ਆਪਣੇ ਨਿਤਨੇਮ ਨੂੰ ਵੀ ਤਿਲਾਂਜਲੀ ਦੇ ਦਿਤੀ ਅਤੇ ਮਨ ਵਿਚ ਮਾਲਕਣ ਦਾ ਉਹ ਸਦਾ ਈ ਠਠਾ ਉਡਾਉਂਦਾ, ਤਾਂ ਵੀ

ਜਦੋਂ ਕਿਤੇ ਪਉੜੀਆਂ ਚੜ੍ਹਦੇ ਲਹਿੰਦੇ ਮਾਲਕਣ ਨਾਲ ਮੇਲ ਹੋ ਜਾਂਦਾ ਉਸ ਨੂੰ ਸੌ ਸੌ ਸਲਵਾਤਾਂ ਸੁਣਨੀਆਂ ਪੈਂਦੀਆਂ, ਉਸ ਵੇਲੇ ਜੇਹੜੇ ਉਸ ਨੂੰ ਪਜ- ਬਹਾਨੇ ਲਾਣੇ ਪੈਂਦੇ, ਉਨ੍ਹਾਂ ਦੀ ਥਾਂ ਅੱਖ ਬਚਾ ਕੇ ਨਿਕਲ ਜਾਣਾ ਈ ਚੰਗਾ ਸਮਝਦਾ ਸੀ। ਅਜ ਜਦੋਂ ਉਹ ਸੜਕ ਉਤੇ ਪੁਜਾ, ਬੜਾ ਹੈਰਾਨ ਹੋਇਆ, ਸੋਚਣ ਲਗਾ—ਮੈਂ ਇਸ ਬੁਢੀ ਕੋਲੋਂ ਏਨਾ ਕਿਉਂ ਡਰਦਾ ਹਾਂ। ਇਨ੍ਹ ਨਿਕੀਆਂ ਨਿਕੀਆਂ ਗੱਲਾਂ ਤੋਂ ਮੈਨੂੰ ਘਬਰਾਣਾ ਨਹੀਂ ਚਾਹੀਦਾ, ਜਦ ਕਿ ਏਡਾ ਵਡਾ ਕੰਮ ਕਰਨ ਲਈ ਮੈਂ ਲਕ ਬੰਨ੍ਹ ਰਿਹਾ ਹਾਂ। ਉਹ ਹਸਣ ਅ ਹੌਲੀ ਹੌਲੀ ਇਉਂ ਬੁੜ ਬੁੜਾਉਣ ਲੱਗਾ-ਬੰਦੇ ਕੋਲ ਆਪਣਾ ਦਾਰੂ ਏ ਪਰ ਉਹ ਪਾਜੀ ਪੁਣੇ ਕਰਕੇ ਉਸ ਨੂੰ ਵਰਤਦਾ ਨਹੀਂ, ਮੈਂ ਜਾਣਨਾ ਚਾਹੁੰ ਹਾਂ ਕਿ ਲੋਕ ਡਰਦੇ ਕਿਸ ਚੀਜ਼ ਤੋਂ ਨੇ। ਮੈਂ ਬਕੜਵਾਹ ਵਧੇਰੇ ਕਰਦਾ ਹ ਖਬਰੇ ਇਸ ਵਾਸਤੇ ਕਰਦਾ ਕੁਝ ਨਹੀਂ ਜਾਂ ਇਉਂ ਆਖਾਂ ਕਿ ਕਰਦਾ ਕੁ ਨਹੀਂ, ਇਸੇ ਲਈ ਬਕੜਵਾਹ ਵਧੇਰੇ ਕਰਦਾ ਹਾਂ। ਮੈਨੂੰ ਉਤ-ਪਟਾਂ ਬੋਲਣ ਦਾ ਝਸ ਇਸੇ ਮਹੀਨੇ ਤੋਂ ਪਿਆ ਏ! ਸੂਰਜ ਚੜ੍ਹਨ ਤੋਂ ਲੈਕੇ ਡੁਬ ਤੇੜੀ ਬਿਸਤਰੇ ਉਤੇ ਲੇਟਿਆ ਲੇਟਿਆ ਨਿਕੀਆਂ ਨਿਕੀਆਂ ਗੱਲਾਂ ਖਿਆਲ ਕਰਦਾ ਰਹਿੰਦਾ ਹਾਂ। ਹਾਂ! ਹੁਣ ਮੈਂ ਇਸੇ ਪਾਸੇ ਕਿਉਂ ਜਾ ਰਿ ਹਾਂ। ਕੀ ਮੈਂ ਇਹ ਕੰਮ ਕਰ ਸਕਦਾ ਹਾਂ ? ਸਚੀ ਮੁਚੀਂ ਮੈਂ ਇਹ ਕੰ ਕਰਾਂਗਾ? ਨਹੀਂ! ਨਹੀਂ !! ਇਹ ਨਿਰਾ ਸੁਪਨਾ ਏਂ, ਕੂੜੀਆਂ ਸੋਚਾਂ ਜੋ ਮੇਰੇ ਸਿਰ ਨੂੰ ਖਰਾਬ ਕਰ ਰਹੀਆਂ ਹਨ ।

ਹੁਸੜ ਸਾਹ ਘੁਟ ਰਿਹਾ ਸੀ। ਲੁਕਾਈ ਦੇ ਭੀੜ ਭੜੱਕੇ ਕਿ ਚੂਨੇ ਇਟਾਂ ਅਤੇ ਹਟੀਆਂ ਦੀ ਬਦਬੂ ਨਾਲ, ਇਸ ਜਵਾਨ ਦਾ ਦਿਮਾਗ ਦੇ ਉਤਲੇ ਡੰਡੇ ਹੋ ਗਿਆ। ਸ਼ਰਾਬ ਦੀ ਦੁਰਗੰਧ ਅਤੇ ਸ਼ਰਾਬੀਆਂ ਦੇ ਚੇ ਤਕ ਕੇ ਸਾਡੇ ਨੌਜਵਾਨ ਦੇ ਮਥੇ ਉਤੇ ਪਲ ਭਰ ਲਈ ਵਟ ਪੈ ਗਏ, ਉਸ ਦੀ ਸ਼ਕਲ ਭੈੜੀ ਨਹੀਂ ਸੀ। ਕਦ ਵਿਚਲਾ ਮੇਲ, ਸਰੀਰ ਭਰ



ਵਾਲ ਅਤੇ ਅੱਖੀਆਂ ਬੱਦਲਾਂ ਜਿਹੇ, ਉਹ ਫਿਰ ਧਿਆਨ ਵਿਚ ਗੜੂੰਦ ਹੋ ਗਿਆ ਅਤੇ ਫਿਰ ਕੁਝ ਬੁੜ ਬੁੜਾਉਣ ਲਗਾ। ਇਸ ਵੇਲੇ ਉਸ ਨੂੰ ਚੇਤਾ ਆਇਆ ਕਿ ਮੇਰਾ ਦਿਮਾਗ਼ ਵਿਗੜ ਰਿਹਾ ਏ, ਮੈਂ ਹਦੋਂ ਵਧ ਲਿਸਾ ਹੋ ਰਿਹਾ ਹਾਂ, ਅਤੇ ਦੋ ਦਿਨ ਤੋਂ ਪੇਟ ਵਿਚ ਵੀ ਝੁਲਕਾ ਨਹੀਂ ਪਿਆ।

ਉਸ ਦੇ ਕਪੜੇ ਬੜੇ ਈ ਗੰਦੇ ਸਨ ਅਤੇ ਅਜਿਹੇ ਕਪੜੇ ਪਾਕੇ ਖਬਰੇ ਕੋਈ ਹੋਰ ਬੰਦਾ ਕਦੇ ਵੀ ਮੂੰਹ ਬਾਹਰ ਨਾ ਕਢਦਾ। ਸ਼ਹਿਰ ਦੀ ਇਸ ਗਲੀ ਦੇ ਰਹਿਣ ਵਾਲੇ ਪਹਿਰਾਵੇ ਦਾ ਵਿਚਾਰ ਨਹੀਂ ਸਨ ਕਰਦੇ, ਕਿਉਂਕਿ ਇਹ ਘਾਹ-ਮੰਡੀ ਸੀ, ਇਥੋਂ ਦੇ ਵਾਸੀ ਸਨ ਕਾਰੀਗਰ ਅਤੇ ਕਾਮੇ, ਨਾਲੇ ਨੌਜਵਾਨ ਦੀ ਘ੍ਰਿਣਾ ਏਥੋਂ ਤੀਕ ਅਪੜ ਪਈ ਸੀ ਕਿ ਮੈਲੇ-ਫਟੇ ਚੀਥੜੇ ਪਾ ਕੇ ਬਾਹਰ ਨਿਕਲਣ ਵਿਚ ਉਸ ਨੂੰ ਸੰਗ ਸ਼ਰਮ ਨਹੀਂ ਸੀ ਆਉਂਦੀ। ਉਹ ਟੁਰਦਾ ਟੁਰਦਾ ਅਟਕ ਗਿਆ ਅਤੇ ਇਕ ਸ਼ਰਾਬੀ ਦੀਆਂ ਗਲਾਂ ਸੁਣਨ ਲਗਾ, ਸ਼ਰਾਬੀ ਆਖ ਰਿਹਾ ਸੀ—"ਓਹੋ! ਇਸ ਜਰਮਨ ਦੀ ਟੋਪੀ ਤਕੋ!" ਨੌਜਵਾਨ ਨੇ ਆਪਣੀ ਟੋਪੀ ਲਾਹ ਕੇ ਤੱਕਣੀ ਅਰੰਭ ਕਰ ਦਿਤੀ। ਉਹ ਬੜੀ ਪੁਰਾਣੀ ਸੀ, ਥਾਂ ਥਾਂ ਦਾਗ ਧਬੇ ਸਨ ਤੇ ਕਿਨਾਰੇ ਫਟੇ ਹੋਏ। ਟੋਪੀ ਨੂੰ ਵੇਖਕੇ ਉਸਨੂੰ ਰਤੀ ਸ਼ਰਮ ਨਾ ਆਈ, ਉਹ ਫਿਰ ਹੇਠਲੀਆਂ ਉਤਲੀਆਂ ਮਾਰਨ ਲਗ ਪਿਆ—"ਇਹ ਟੋਪੀ ਲੋਕਾਂ ਦਾ ਧਿਆਨ ਮੇਰੀ ਵਲ ਖਿਚਦੀ ਏ! ਮੈਨੂੰ ਆਪਣੇ ਚੀਥੜਿਆਂ ਜਿਹੀ ਈ ਟੋਪੀ ਪਾਉਣੀ ਚਾਹੀਦੀ ਏ। ਐਸੀ ਟੋਪੀ ਹੁਣ ਕੋਈ ਨਹੀਂ ਪਹਿਨਦਾ! ਜੋ ਇਸ ਨੂੰ ਇਕ ਵਾਰ ਵੇਖੇਗਾ, ਯਾਦ ਰਖੇਗਾ, ਇਸ ਤੋਂ ਖਬਰੇ ਸਾਰਾ ਭੇਦ ਖੁਲ੍ਹ ਜਾਏ! ਲੋਕਾਂ ਦਾ ਧਿਆਨ ਮੇਰੀ ਵਲ ਨਹੀਂ ਖਿਚਿਆ ਜਾਣਾ ਚਾਹੀਦਾ। ਨਿਕੀਆਂ ਨਿਕੀਆਂ ਗੱਲਾਂ ਤੋਂ ਈ ਵਡੇ ਭੇਦ ਉਘੜ ਪੈਂਦੇ ਨੇ।"

ਉਹ ਆਪਣੇ ਘਰੋਂ ਅਜੇ ਗੇਣਵੇਂ ਕਦਮ ਹੀ ਦੂਰ ਆਇਆ ਸੀ, ਉਹ ਇਹ ਨਹੀਂ ਸੀ ਸਮਝਦਾ ਕਿ ਮੈਂ ਇਹ ਕੰਮ ਕਰ ਸਕਾਂਗਾ; ਪਰ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.